Roll No. 8025669536

808

[Graph Paper]

Total No. of Questions : 16]

[Total No. of Printed Pages : 22

ANNUAL EXAMINATION SYSTEM

VIII

2325

MATHEMATICS

(Punjabi, Hindi and English Versions)

(Morning Session)

Time allowed : 3 hours

Maximum marks : 80

## (Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ 808 ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 16 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਭਾਗ–ੳ ਵਿੱਚ ਪ੍ਰਸ਼ਨ 1 ਤੋਂ 3 ਤੱਕ ਹੋਣਗੇ ।

ਪ੍ਰਸ਼ਨ 1 ਵਿੱਚ 16 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ 1-1 ਅੰਕ ਵਾਲੇ ਹੋਣਗੇ ।

ਪ੍ਰਸ਼ਨ 2 ਵਿੱਚ 7 ਪ੍ਰਸ਼ਨ ਸਹੀ/ਗਲਤ ਉੱਤਰਾਂ ਵਾਲੇ ਹੋਣਗੇ ।

ਪ੍ਰਸ਼ਨ 3 ਵਿੱਚ 7 ਪ੍ਰਸ਼ਨ ਖਾਲੀ ਸਥਾਨ ਵਾਲੇ 1-1 ਅੰਕ ਵਾਲੇ ਹੋਣਗੇ ।

(vi) ਭਾਗ–ਅ ਪ੍ਰਸ਼ਨ 4 ਤੋਂ 7 ਤੱਕ 2 ਅੰਕ ਵਾਲੇ ਹਨ ।

(vii) ਭਾਗ–ੲ ਪ੍ਰਸ਼ਨ 8 ਤੋਂ 13, ਤੱਕ 4 ਅੰਕ ਵਾਲੇ ਹਨ । ਇਹਨਾਂ ਪ੍ਰਸ਼ਨਾਂ ਵਿੱਚ ਕਿਸੇ ਵੀ 3 ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।

(viii) ਭਾਗ–ਸ ਪ੍ਰਸ਼ਨ 14 ਤੋਂ 18 ਤੱਕ 6 ਅੰਕ ਵਾਲੇ ਹਨ । ਇਹਨਾਂ ਸਾਰੇ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।

(ix) ਜਿਊਮੈਟਰੀ ਨਾਲ਼ ਸੰਬੰਧਤ ਪ੍ਰਸ਼ਨਾਂ ਵਿੱਚ ਢੁਕਵੇਂ ਚਿੱਤਰ ਬਣਾਕੇ ਹੀ ਪ੍ਰਸ਼ਨ ਹਲ ਕੀਤੇ ਜਾਣਗੇ ।

(x) ਕੈਲਕੁਲੇਟਰ ਵਰਤੋਂ ਕਰਨ ਦੀ ਆਗਿਆ ਨਹੀਂ ਹੈ ।

(xi) ਗ੍ਰਾਫ਼ ਪੇਪਰ ਪ੍ਰਸ਼ਨ ਪੱਤਰ ਨਾਲ਼ ਲੱਗਿਆ ਹੈ ।

## ਭਾਗ–ੳ

1. ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਸਹੀ ਵਿਕਲਪ ਚੁਣੋ । ਹਰੇਕ ਪ੍ਰਸ਼ਨ ਦਾ 1 ਅੰਕ ਹੈ । $16 \times 1 = 16$

(i) $\frac{2}{3}$ ਦਾ ਜੋੜਾਤਮਕ ਤਤਸਮਕ ਹੈ :

(ੳ) 0 (ਅ) $\frac{-2}{3}$

(ੲ) $\frac{3}{2}$ (ਸ) $\frac{-2}{-3}$

(ii) ਜੇ $\frac{-5}{8} \times \frac{4}{7} = \frac{4}{7} \times \left(\frac{-5}{8}\right)$ ਹੈ, ਤਾਂ ਇਸ ਕਥਨ ਵਿੱਚ ਕਿਹੜਾ ਗੁਣ ਵਰਤਿਆ ਗਿਆ ਹੈ ?

(ੳ) ਬੰਦ ਗੁਣ (ਅ) ਕ੍ਰਮ ਵਟਾਂਦਰਾ ਗੁਣ

(ੲ) ਸਹੀਚਾਰਤਾ ਗੁਣ (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

(iii) ਸਮੀਕਰਨ $2x - 3 = x + 2$ ਲਈ x ਦਾ ਮੁੱਲ ਪਤਾ ਕਰੋ ।

(ੳ) 5 (ਅ) –5

(ੲ) 1 (ਸ) –1

(iv) ਜੇਕਰ ਸਮਾਂਤਰ ਚਤੁਰਭੁਜ ਦੇ ਇੱਕ ਵਿਕਰਨ ਦੇ ਦੋ ਬਰਾਬਰ ਭਾਗ $3x - 2$ ਅਤੇ 7 ਹਨ, ਤਾਂ x ਦਾ ਮੁੱਲ ਕੀ ਹੈ ?

(ੳ) 5 (ਅ) 4

(ੲ) 3 (ਸ) 6

(v) ਉਹ ਛੋਟੀ ਤੋਂ ਛੋਟੀ ਸੰਖਿਆ ਪਤਾ ਕਰੋ ਜਿਸ ਨੂੰ 140 ਵਿੱਚ ਜੋੜਨ ਤੇ ਉਹ ਪੂਰਨ ਵਰਗ ਬਣ ਜਾਵੇਗੀ।

(ੳ) 4 (ਅ) 8

(ੲ) 12 (ਸ) 16

(vi) 600 ਦੇ ਵਰਗ ਵਿੱਚ ਸਿਫਰਾਂ ਦੀ ਗਿਣਤੀ ਕਿੰਨੀ ਹੋਵੇਗੀ ?

(ੳ) 1 (ਅ) 2

(ੲ) 3 (ਸ) 4

(vii) $626^3$ ਦਾ ਇਕਾਈ ਦਾ ਅੰਕ ਕੀ ਹੋਵੇਗਾ ?

(ੳ) 2 (ਅ) 3

(ੲ) 4 (ਸ) 6

(viii) ਇੱਕ ਵਸਤੂ ਉੱਤੇ ਵਿਕਰੀ ਕਰ ਕੀ ਹੋਵੇਗਾ ਜੇਕਰ ਅੰਕਿਤ ਮੁੱਲ ₹ 200 ਰੁਪਏ ਅਤੇ ਵਿਕਰੀ ਕਰ ਦੀ ਦਰ 5% ਹੋਵੇ :

(ੳ) ₹ 5 (ਅ) ₹ 10

(ੲ) ₹ 15 (ਸ) ₹ 20

(ix) $xy + yz + 3x$ ਅਤੇ 0 ਦਾ ਗੁਣਨਫ਼ਲ ਪਤਾ ਕਰੋ ।

(ੳ) $xy + yz + 3x$ (ਅ) $xyz$

(ੲ) 0 (ਸ) $x^2 y^2 z^2$

(x) ਦਿੱਤੇ ਗਏ ਚਿੱਤਰ ਦਾ ਖੇਤਰਫ਼ਲ ਪਤਾ ਕਰੋ :




(ੳ) $70cm^2$ (ਅ) $180cm^2$

(ੲ) $90cm^2$ (ਸ) $120cm^2$

(xi) $4m \times 2.5m \times 2m$ ਮਾਪ ਦੇ ਘਣਾਵ ਦਾ ਆਇਤਨ ਪਤਾ ਕਰੋ ।

(ੳ) $20m^3$ (ਅ) $40m^3$

(ੲ) $30m^3$ (ਸ) $200m^3$

(xii) $(3^3)^1$ ਦਾ ਮੁੱਲ ਪਤਾ ਕਰੋ ।

(ੳ) $3^1$ (ਅ) $3^2$

(ੲ) $3^3$ (ਸ) $3^4$

(xiii) $3.03 \times 10^6 =$ ________

(ੳ) 303000 (ਅ) 30300000

(ੲ) 3030000 (ਸ) 300000

(xiv) $2x^2(x+1)(x+3) \div 4x(x+3) =$ ________

(ੳ) $2x(x+1)$ (ਅ) $2x^2(x+1)$

(ੲ) $\frac{x^2(x+1)}{2}$ (ਸ) $\frac{x(x+1)}{2}$

(xv) $2x$, $3x^2$ ਅਤੇ 5 ਦਾ ਸਾਂਝਾ ਗੁਣਨਖੰਡ ਕੀ ਹੈ ?

(ੳ) x (ਅ) 6x

(ੲ) 1 (ਸ) 0

(xvi) ਹੇਠ ਲਿਖਿਆਂ ਵਿੱਚੋਂ ਕਿਹੜਾ ਬਿੰਦੂ (ਨਿਰਦੇਸ਼ਾਂਕ) y– ਧੁਰੇ ਤੇ ਸਥਿਤ ਹੈ ?

(ੳ) (0, 3) (ਅ) (1, 2)

(ੲ) (2, 3) (ਸ) (4, 0)

2. **ਦਿੱਤੇ ਪ੍ਰਸ਼ਨਾਂ ਲਈ ਸਹੀ/ਗਲਤ ਉੱਤਰ ਚੁਣੋ । ਹਰੇਕ ਪ੍ਰਸ਼ਨ ਦਾ 1 ਅੰਕ ਹੈ ।** 7×1=7

(i) $9y+3=3y-10$ ਇੱਕ ਚਲ ਵਿੱਚ ਰੇਖੀ ਸਮੀਕਰਨ ਹੈ । (ਸਹੀ/ਗਲਤ)

(ii) ਸਮਾਂਤਰ ਚਤੁਰਭੁਜ ਵਿੱਚ ਸਨਮੁਖ ਕੋਣ ਬਰਾਬਰ ਨਹੀਂ ਹੁੰਦੇ ਹਨ । (ਸਹੀ/ਗਲਤ)

(iii) ਇੱਕ ਪਾਸੇ ਨੂੰ ਸੁੱਟਣ ਤੇ ਜਿਸਤ ਸੰਖਿਆ ਦੇ ਆਉਣ ਦੀ ਸੰਭਾਵਨਾ ½ ਹੁੰਦੀ ਹੈ । (ਸਹੀ/ਗਲਤ)

(iv) ਵਿਅੰਜਕ $3x-5$ ਦਾ ਮੁੱਲ $x=5$ ਤੇ 20 ਹੁੰਦਾ ਹੈ । (ਸਹੀ/ਗਲਤ)

(v) 1 ਲਿਟਰ, 1000 $cm^3$ ਦੇ ਬਰਾਬਰ ਹੁੰਦਾ ਹੈ । (ਸਹੀ/ਗਲਤ)

(vi) $5^0+4^0$ ਦਾ ਮੁੱਲ 1 ਹੁੰਦਾ ਹੈ । (ਸਹੀ/ਗਲਤ)

(vii) ਜੇ x ਅਤੇ y ਉਲਟ ਸਮਾਨ ਅਨੁਪਾਤ ਵਿੱਚ ਹੋਣ ਤਾਂ $xy=k$ ਹੁੰਦਾ ਹੈ । (ਸਹੀ/ਗਲਤ)

3. **ਖਾਲੀ ਸਥਾਨ ਭਰੋ । ਹਰੇਕ ਪ੍ਰਸ਼ਨ ਦਾ 1 ਅੰਕ ਹੈ ।** 7×1=7

(i) ਚਤੁਰਭੁਜ ਦੇ ਬਾਹਰੀ ਕੋਣਾਂ ਦਾ ਜੋੜ ________ ਹੁੰਦਾ ਹੈ ।

(ii) 40 - 60 ਦਾ ਵਰਗ ਆਕਾਰ ________ ਹੈ ।

(iii) $(a+b)^2-(a-b)^2=$ ________ ।

(iv) 7 ਅਤੇ 8 ਦੇ ਵਰਗਾਂ ਵਿਚਕਾਰ ________ ਪ੍ਰਕ੍ਰਿਤਿਕ ਸੰਖਿਆਵਾਂ ਹਨ ।

(v) ਇੱਕ ਜਿਸਤ ਸੰਖਿਆ ਦਾ ਘਣ ਇੱਕ ________ ਸੰਖਿਆ ਹੁੰਦੀ ਹੈ ।

(vi) PIN ਦਾ ਅਰਥ ________ ਹੈ ।

(vii) ਬਿੰਦੂ (7, 4) ਦੀ ਕੋਟੀ ________ ਹੈ ।

## ਭਾਗ–ਅ

4×2=8

**ਨੋਟ: ਹਰੇਕ ਪ੍ਰਸ਼ਨ 2 ਅੰਕ ਦਾ ਹੈ ।**

4. $\frac{-5}{12}$ ਵਿੱਚੋਂ $\frac{-3}{4}$ ਨੂੰ ਘਟਾਉ ।

5. 1296 ਦਾ ਵਰਗਮੂਲ ਲੰਮੀ ਵੰਡ ਵਿਧੀ ਰਾਹੀਂ ਪਤਾ ਕਰੋ ।

6. 42875 ਦਾ ਘਣ ਮੂਲ ਪਤਾ ਕਰੋ ।

7. $\frac{8^3 \times 8^7}{8^4}$ ਦਾ ਮੁੱਲ ਪਤਾ ਕਰੋ ।

## ਭਾਗ–ੲ

6×4=24.

**ਨੋਟ: ਹਰੇਕ ਪ੍ਰਸ਼ਨ 4 ਅੰਕ ਦਾ ਹੈ ।**

8. ਇੱਕ ਸਮਾਂਤਰ ਚਤੁਰਭੁਜ ਦੇ ਦੋ ਲਾਗਵੇ ਕੋਣਾਂ ਦਾ ਅਨੁਪਾਤ 4 : 5 ਹੈ । ਇਸ ਦੇ ਸਾਰੇ ਕੋਣਾਂ ਦਾ ਮਾਪ ਪਤਾ ਕਰੋ ।

9. $x^2 - 11x - 42$ ਦਾ ਗੁਣਨਖੰਡੀਕਰਨ ਕਰੋ ।

ਜਾਂ

ਮਿਲਾਣ ਕਰੋ

| ਕਾਲਮ–A | ਕਾਲਮ–B |
|---|---|
| $(x+5)^2$ | $5x(x^2-1)$ |
| $(x^2-25)$ | $5x^2(x-5)$ |
| $5x^3-5x$ | $(x+5)(x+5)$ |
| $5x^3-25x^2$ | $(x-5)(x+5)$ |

10. ਸਮੀਕਰਨ $15(y-4)-2(y-9)+5(y+6)=0$ ਨੂੰ ਹੱਲ ਕਰੋ ।

ਜਾਂ

ਪ੍ਰੀਤ ਦੀ ਉਮਰ ਅਬਦੁਲ ਦੀ ਉਮਰ ਤੋਂ 6 ਸਾਲ ਵੱਧ ਹੈ । 6 ਸਾਲ ਪਹਿਲਾਂ, ਪ੍ਰੀਤ ਦੀ ਉਮਰ ਅਬਦੁਲ ਦੀ ਉਮਰ ਦਾ ਚਾਰ ਗੁਣਾ ਸੀ । ਦੋਨਾਂ ਦੀ ਵਰਤਮਾਨ ਉਮਰ ਪਤਾ ਕਰੋ ।

11. ਇੱਕ ਬੱਸ 30 ਮਿੰਟ ਵਿੱਚ 40 ਕਿਲੋਮੀਟਰ ਦਾ ਸਫਰ ਤੈਅ ਕਰਦੀ ਹੈ । ਜੇਕਰ ਬੱਸ ਦੀ ਚਾਲ ਸਮਾਨ ਰਹੇ ਤਾਂ ਉਹ 3 ਘੰਟਿਆਂ ਵਿੱਚ ਕਿੰਨੀ ਦੂਰੀ ਤੈਅ ਕਰੇਗੀ ।

ਜਾਂ

ਇੱਕ ਫੈਕਟਰੀ ਵਿੱਚ ਨਿਸ਼ਚਿਤ ਸੰਖਿਆ ਵਿੱਚ ਉਤਪਾਦਾਂ ਨੂੰ 63 ਦਿਨਾਂ ਵਿੱਚ ਬਣਾਉਣ ਲਈ 42 ਮਸ਼ੀਨਾਂ ਦੀ ਜ਼ਰੂਰਤ ਹੈ । ਉਸੇ ਸਮਾਨ ਸੰਖਿਆ ਵਿੱਚ ਉਤਪਾਦਾਂ ਨੂੰ 54 ਦਿਨਾਂ ਵਿੱਚ ਬਣਾਉਣ ਲਈ ਕਿੰਨੀਆਂ ਹੋਰ ਮਸ਼ੀਨਾਂ ਦੀ ਜ਼ਰੂਰਤ ਪਵੇਗੀ ?

**12.** ਜੇਕਰ ਤ੍ਰਿਭੁਜ ਦੀਆਂ ਭੁਜਾਵਾਂ ਵਿਅੰਜਕਾਂ ਦੇ ਰੂਪ $x^2-5x+6$, $3-3x^2+7x$ ਅਤੇ $11x^2+8x-11$ ਵਿਚ ਹੋ ਉਸ ਤ੍ਰਿਭੁਜ ਦਾ ਪਰਿਮਾਪ ਪਤਾ ਕਰੋ ।

**13.** ਹੇਠਾਂ ਦਿੱਤੇ ਸਮਾਂ ਤਾਪਮਾਨ ਗ੍ਰਾਫ਼ ਨੂੰ ਧਿਆਨ ਨਾਲ ਦੇਖੋ ਅਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :




(i) ਕਿਹੜੇ ਸਮੇਂ ਤਾਪਮਾਨ ਸਭ ਤੋਂ ਵੱਧ ਸੀ ?

(ii) ਕਿਹੜੇ ਸਮੇਂ ਤਾਪਮਾਨ ਸਭ ਤੋਂ ਘੱਟ ਸੀ ?

(iii) 6:00 ਵਜੇ ਅਤੇ 20:00 ਵਜੇ ਦੇ ਤਾਪਮਾਨ ਦਾ ਅੰਤਰ ਕੀ ਹੈ ?

(iv) 10:00 ਵਜੇ ਤੋਂ 12:00 ਵਜੇ ਤੱਕ ਤਾਪਮਾਨ ਵਿੱਚ ਕਿੰਨਾ ਵਾਧਾ ਹੋਇਆ ?

## ਭਾਗ–ਸ

**ਨੋਟ- ਹਰੇਕ ਪ੍ਰਸ਼ਨ 6 ਅੰਕ ਦਾ ਹੈ ।** $3\times6=18$

**14.** ਕਿਸੇ ਹੋਸਟਲ ਵਿੱਚ ਵੱਖ-ਵੱਖ ਬੋਲੀਆਂ ਬੋਲਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਹੇਠ ਲਿਖੇ ਅਨੁਸਾਰ ਹੈ :

| ਭਾਸ਼ਾ | ਵਿਦਿਆਰਥੀਆਂ ਦੀ ਗਿਣਤੀ |
|---|---|
| ਹਿੰਦੀ | 10 |
| ਪੰਜਾਬੀ | 30 |
| ਅੰਗਰੇਜ਼ੀ | 12 |
| ਮਰਾਠੀ | 9 |
| ਤਾਮਿਲ | 7 |
| ਬੰਗਾਲੀ | 4 |
| ਕੁੱਲ | 72 |

ਇਸ ਅੰਕੜੇ ਲਈ ਇੱਕ ਪਾਈ ਚਾਰਟ ਬਣਾਓ ।

ਜਾਂ

ਇੱਕ ਪ੍ਰੀਖਿਆ ਵਿੱਚ ਜਮਾਤ ਅੱਠਵੀਂ ਦੇ 40 ਵਿਦਿਆਰਥੀਆਂ ਦੁਆਰਾ ਪ੍ਰਾਪਤ ਕੀਤੇ ਅੰਕ ਹੇਠ ਲਿਖੇ ਅਨੁਸਾਰ ਹਨ :

18, 8, 12, 6, 8, 16, 12, 5, 23, 16, 2, 23, 7, 12, 20, 16, 9, 7, 5, 6, 5, 3, 13, 21, 13, 20, 15, 7, 1, 21, 20, 18, 13, 23, 15, 18, 7, 17, 16, 3.

15-20 ਜਿਹਾ ਵਰਗ ਅੰਤਰਾਲ ਲੈ ਕੇ ਬਾਰੰਬਾਰਤਾ ਵੰਡ ਸਾਰਨੀ ਬਣਾਓ । ਆਇਤ ਚਿੱਤਰ ਵੀ ਬਣਾਓ ।

15. 60 ਵਿਦਿਆਰਥੀਆਂ ਦੀ ਜਮਾਤ ਵਿੱਚੋਂ 40% ਵਿਦਿਆਰਥੀ ਸ਼ਤਰੰਜ ਪਸੰਦ ਕਰਦੇ ਹਨ ਅਤੇ 15% ਵਿਦਿਆਰਥੀ ਕੈਰਮ ਪਸੰਦ ਕਰਦੇ ਹਨ ਅਤੇ ਬਾਕੀ ਵਿਦਿਆਰਥੀ ਹੋਰ ਖੇਡਾਂ ਪਸੰਦ ਕਰਦੇ ਹਨ । ਉਹਨਾਂ ਵਿਦਿਆਰਥੀਆਂ ਦੀ ਸੰਖਿਆ ਪਤਾ ਕਰੋ ਜਿਹੜੇ ਕੈਰਮ ਪਸੰਦ ਕਰਦੇ ਹਨ, ਸ਼ਤਰੰਜ ਪਸੰਦ ਕਰਦੇ ਹਨ ਅਤੇ ਹੋਰ ਖੇਡਾਂ ਪਸੰਦ ਕਰਦੇ ਹਨ ।

ਜਾਂ

₹ 14000 ਦੀ ਰਕਮ ਉੱਤੇ 2 ਸਾਲਾਂ ਲਈ 10% ਸਲਾਨਾਂ ਵਿਆਜ ਦੀ ਦਰ ਨਾਲ ਮਿਸ਼ਰਤ ਵਿਆਜ ਪਤਾ ਕਰੋ ਜੇਕਰ ਵਿਆਜ ਸਲਾਨਾ ਜੋੜਿਆ ਜਾਂਦਾ ਹੈ ।

16. ਇੱਕ ਆਇਤਾਕਾਰ ਪਾਰਕ ਦੀ ਲੰਬਾਈ 30m ਅਤੇ ਚੌੜਾਈ 20m ਹੈ । ਪਾਰਕ ਵਿੱਚ ਚਿੱਤਰ ਅਨੁਸਾਰ ਵਿਖਾਏ 2m×2m ਆਕਾਰਾਂ ਦੀਆਂ ਚਾਰ ਵਰਗਾਕਾਰ ਫੁੱਲਾਂ ਦੀਆਂ ਕਿਆਰੀਆਂ ਹਨ ਅਤੇ ਬਾਕੀ ਥਾਂ ਤੇ ਘਾਹ ਲੱਗਿਆ ਹੋਇਆ ਹੈ । ਪਤਾ ਕਰੋ :




(i) ਪਾਰਕ ਦਾ ਪਰਿਮਾਪ

(ii) ਪਾਰਕ ਦਾ ਖੇਤਰਫਲ

(iii) ਫੁੱਲਾਂ ਦੀਆਂ ਸਭੀ ਚਾਰ ਕਿਆਰੀਆਂ ਦਾ ਖੇਤਰਫਲ

(iv) ਪਾਰਕ ਦਾ ਘਾਹ ਦੁਆਰਾ ਘੇਰਿਆ ਗਿਆ ਹਿੱਸਾ ।

ਜਾਂ

ਇੱਕ 11 cm × 4 cm ਵਾਲੇ ਆਇਤਾਕਾਰ ਕਾਗਜ ਨੂੰ ਵਿਨਾ ਓਵਰਲੈਪਿੰਗ ਮੋੜ ਕੇ 4 cm ਉਚਾਈ ਦਾ ਇੱਕ ਸਿਲੰਡਰ ਬਣਾਇਆ ਗਿਆ ਹੈ । ਸਿਲੰਡਰ ਦਾ ਆਇਤਨ ਪਤਾ ਕਰੋ ।